ਬੱਚਿਆਂ ਲਈ ਬਾਈਬਲ

ਉਪੱਸਥਿਤ



# ਹੈਕਲ ਦੇ ਪ੍ਰਧਾਨਾਂ ਦੀ ਯਿਸੂ ਨਾਲ ਮੁਲਾਕਾਤ

ਦੁਆਰਾ ਲਿਖਿਆ ਗਿਆ : Edward Hughes

ਦੁਆਰਾ ਦਿੱਤੀਆਂ ਗਈਆਂ ਉਦਾਹਰਣਾਂ : Byron Unger; Lazarus

ਦੁਆਰਾ ਬਦਲਿਆ ਗਿਆ : M. Maillot; Sarah S.

ਦੁਆਰਾ ਕੀਤਾ ਗਿਆ ਅਨੁਵਾਦ : Rev. Tasveer ull haque

ਦੁਆਰਾ ਬਣਾਇਆ ਗਿਆ : Bible for Children
www.M1914.org

©2017 Bible for Children, Inc.
ਆਗਿਆ ਦੇਣੀ : ਜਦ ਤੱਕ ਤੁਸੀ ਇਸ ਨੂੰ ਵੇਚਦੇ ਨਹੀ ਤਦ ਤੱਕ ਤੁਹਾਨੂੰ ਅਧਿਕਾਰ ਹੈ ਕਿ ਤੁਸੀ ਇਸ ਕਹਾਣੀ ਨੂੰ ਛਾਪ ਸਕੋ ਜਾ ਇਸ ਦੀ ਨਕਲ ਉਤਾਰ ਸਕੋ।

ਜਦ ਇੱਕ ਦਿਨ ਯਿਸੂ ਹੈਕਲ ਵਿੱਚ ਗਿਆ,
ਉਸਨੇ ਵੇਖਿਆ ਕੇ ਲੋਕ ਪਰਮੇਸ਼ਵਰ ਦੇ
ਘਰ ਦਾ ਅਨਾਦਰ ਕਰ ਰਹੇ ਹਨ।




ਉਹ ਮੰਦਰ ਵਿੱਚ ਧਨ ਬਦਲ ਰਹੇ
ਸਨ ਅਤੇ ਜਾਨਵਰ ਵੇਚ ਰਹੇ ਸਨ !

ਰੱਸੀ ਦਾ ਕੋਹੜਾ ਬਣਾ ਕੇ, ਯਿਸੂ ਨੇ ਡੀਲਰਾਂ ਨੂੰ ਮੰਦਰ ਵਿੱਚੋਂ ਬਾਹਰ ਕੱਢ ਦਿੱਤਾ। “ਇਹਨਾਂ ਚੀਜਾਂ ਨੂੰ ਇਥੋਂ ਲੈ ਜਾਓ” ਉਸਨੇ ਹੁਕਮ ਦਿੱਤਾ।



“ਮੇਰੇ ਪਿਤਾ ਦੇ ਘਰ ਨੂੰ ਡਾਕੂਆਂ ਦੀ ਖੋਹ ਨਾ ਬਣਾਓ।” ਯਿਸੂ ਆਪਣੇ ਪਿਤਾ ਦੇ ਘਰ ਨੂੰ ਪਿਆਰ ਕਰਦਾ ਸੀ।





ਪ੍ਰਧਾਨਾਂ ਨੇ
ਨਿਸ਼ਾਨ ਦੀ ਮੰਗ
ਕੀਤੀ ਕੇ ਯਿਸੂ
ਕਿਸ ਅਧਿਕਾਰ ਨਾਲ
ਮੰਦਰ ਨੂੰ ਸਾਫ਼ ਕਰਦਾ
ਹੈ। “ਇਸ ਮੰਦਰ ਨੂੰ
ਡਾਹ ਦਿਉ ਅਤੇ ਮੈ ਇਸ
ਨੂੰ ਤਿੰਨ ਦਿਨਾਂ ਵਿੱਚ ਖੜਾ
ਕਰ ਦਿਆਗਾਂ,” ਯਿਸੂ
ਨੇ ਉੱਤਰ ਦਿੱਤਾ।



ਇਹ ਨਹੀ ਹੋ ਸਕਦਾ! ਮੰਦਰ ਨੂੰ ਬਣਾਉਣ ਲਈ ਛਿਆਲੀ ਸਾਲ (46) ਲੱਗੇ ਹਨ।


ਪਰ ਯਿਸੂ ਨੇ ਆਪਣੇ ਸਰੀਰ ਬਾਰੇ ਗੱਲ ਕੀਤੀ ਸੀ।
ਮੰਦਰ ਦੇ ਵਾਂਗ, ਉਸਦੇ ਸਰੀਰ ਵਿੱਚ ਪਰਮੇਸ਼ਵਰ
ਵੱਸਦਾ ਸੀ। ਭਾਂਵੇ ਯਿਸੂ ਸਲੀਬ
ਉੱਤੇ ਮਰੇਗਾ ਪਰ ਉਹ
ਜਾਣਦਾ ਸੀ ਕੀ ਪਰਮੇਸ਼ਵਰ
ਉਸਨੂੰ ਤੀਸਰੇ ਦਿਨ
ਮੁਰਦਿਆਂ ਵਿੱਚੋਂ
ਫਿਰ
ਜਿਵਾਲੇਗਾ।



ਰਾਤ ਦੇ ਵੇਲੇ,
ਇੱਕ ਮੰਦਰ ਦਾ
ਪ੍ਰਧਾਨ ਯਿਸੂ ਨੂੰ
ਮਿਲਣ ਆਇਆ।
ਉਹ ਚਮਤਕਾਰਾਂ
ਦੇ ਦੁਆਰਾ ਜਾਣ
ਗਿਆ ਕੀ ਯਿਸੂ
ਪਰਮੇਸ਼ਵਰ
ਦੁਆਰਾ ਭੇਜਿਆ
ਗਿਆ ਹੈ।



ਨਿਕੋਦੇਮਸ
ਯਿਸੂ ਦੇ ਕੋਲ
ਪਰਮੇਸ਼ਵਰ ਦੇ
ਬਾਰੇ ਹੋਰ ਸਿੱਖਣ
ਨੂੰ ਆਇਆ।



ਯਿਸੂ ਨੇ ਨਿਕੋਦੇਮਸ ਨੂੰ ਆਖਿਆ ਕੀ ਪਰਮੇਸ਼ਵਰ ਦੇ ਰਾਜ ਵਿੱਚ ਜਾਣ ਲਈ ਲੋਕਾਂ ਨੂੰ ਦੁਬਾਰਾ ਜਨਮ ਲੈਣਾ ਜਰੂਰੀ ਹੈ। ਨਿਕੋਦੇਮਸ ਨਹੀ ਸਮਝਿਆ ਸੀ। ਇੱਕ ਮਨੁੱਖ ਬੱਚਾ ਕਿਵੇਂ ਬਣ ਸਕਦਾ ਹੈ। ਇਲਾਵਾ ਇਸ ਦੇ ਉਹ ਧਰਮੀ ਸੀ। ਕੀ ਇੰਨਾ ਕਾਫੀ ਨਹੀ ਸੀ?



“ਜੋ ਕੋਈ ਆਤਮਾਂ ਦੂਆਰਾ ਜੰਮਇਆ ਉਹ ਆਤਮਾਂ ਦਾ ਹੈ,” ਯਿਸੂ ਨੇ ਸਮਝਾਇਆ। “ਪਰਮੇਸ਼ਵਰ ਦਾ ਆਤਮਾਂ ਹਵਾ ਦੇ ਵਰਗਾ ਹੈ। ਲੋਕ ਹਵਾ ਨੂੰ ਨਾ ਵੇਖ ਸਕਦੇ ਅਤੇ ਨਾਂ ਹੀ ਸਮਝ ਸਕਦੇ ਹਨ। ਸਿਰਫ਼ ਦੇਖ ਸਕਦੇ ਹਨ ਕੇ ਹਵਾ ਕੀ ਕਰਦੀ ਹੈ।”



ਯਿਸੂ ਨੇ ਨਿਕੋਦੇਮਸ ਨੂੰ ਉਸਦੇ ਬਾਰੇ
ਯਾਦ ਕਰਵਾਇਆ ਜਦ ਇਸਰਾਏਲੀ ਬੱਚੇ ਮੂਸਾ
ਨੂੰ ਬਹੁਤ ਸਮੇ ਪਹਿਲਾਂ ਸ਼ਕਾਇਤਾਂ ਕਰਦੇ ਸੀ।



“ਨਾ ਸਾਡੇ ਕੋਲ ਭੋਜਨ, ਨਾ ਪਾਣੀ,
ਅਤੇ ਅਸੀ ਰੋਟੀ ਤੋਂ ਘਿਣ ਕਰਦੇ ਹਾਂ ਜਿਹੜੀ
ਪਰਮੇਸ਼ਵਰ ਸਾਨੂੰ ਦੇਂਦਾ ਹੈ,” ਉਹ ਚਿਲਾਏ।


ਲੋਕਾਂ ਦੇ ਪਾਪ ਨੇ ਪਰਮੇਸ਼ਵਰ ਨੂੰ ਗੁੱਸਾ ਦਿਲਾਇਆ। ਉਸਨੇ ਉਹਨਾਂ ਵਿੱਚ ਜ਼ਹਰੀਲੇ ਸੱਪਾਂ ਨੂੰ ਗੱਲਿਆ। ਸੱਪਾਂ ਨੇ ਲੋਕਾਂ ਨੂੰ ਡੱਸਿਆ। ਬਹੁਤੇ ਮਰ ਗਏ।

“ਅਸੀ ਪਾਪ ਕੀਤਾ ਹੈ। ਪ੍ਰਾਥਨਾਂ ਕਰ ਤਾਂ ਪਰਮੇਸ਼ਵਰ ਇਹਨਾਂ ਸੱਪਾਂ ਨੂੰ ਇੱਥੋਂ ਲੈ ਜਾਵੇਗਾ,” ਲੋਕਾਂ ਨੇ ਭੀਖ ਮੰਗੀ। ਤਾਂ ਮੂਸਾ ਨੇ ਲੋਕਾਂ ਲਈ ਪ੍ਰਾਥਨਾਂ ਕੀਤੀ। ਪਰ ਪਰਮੇਸ਼ਵਰ ਸੱਪਾਂ ਨੂੰ ਉੱਥੋਂ ਲੈਕੇ ਨਾਂ ਗਿਆ।




ਪਰਮੇਸ਼ਵਰ ਨੇ ਮੂਸਾ
ਨੂੰ ਇੱਕ ਜ਼ਹਰੀਲਾ
ਸੱਪ ਬਣਾ ਕੇ ਖੰਭੇ ਉੱਤੇ
ਟੰਗਣ ਲਈ ਆਖਿਆ।


“ਹਰ ਇੱਕ ਕੱਟਿਆ
ਹੋਇਆ ਬਚ ਜਾਵੇਗਾ ਜਦ ਉਹ
ਉਸ ਖੰਭੇ ਤੇ ਲਟਕੇ ਹੋਏ ਸੱਪ ਨੂੰ
ਵੇਖੇਗਾ,” ਪਰਮੇਸ਼ਵਰ ਨੇ ਵਾਇਦਾ
ਕੀਤਾ। ਮੂਸਾ ਨੇ ਪਿੱਤਲ ਦਾ ਸੱਪ
ਬਣਾਇਆ ਅਤੇ ਜਿਹਨਾਂ ਨੇ ਉਸ ਵੱਲ
ਵੇਖਿਆ ਉਹ ਚੰਗੇ ਹੋ ਗਏ।


ਯਿਸੂ ਨੇ ਨਿਕੋਦੇਮਸ ਨੂੰ ਕਿਹਾ
ਇਹ ਜਰੂਰੀ ਹੈ ਕੀ
ਮਨੁੱਖ ਦਾ ਪੁੱਤਰ ਵੀ
ਉੱਚੇ ਤੇ ਚੜ੍ਹਾਇਆ
ਜਾਵੇ ਉਸੇ ...


... ਤੂਰਾਂ ਜਿਵੇਂ ਤਾਂਬੇ ਦਾ
ਸੱਪ। ਯਿਸੂ ਨੇ ਸਲੀਬ
ਦੇ ਬਾਰੇ ਬੋਲਿਆ ਜਿੱਥੇ
ਉਹ ਪਾਪੀਆਂ ਦੇ
ਲਈ ਮਰੇਗਾ।


ਯਿਸੂ ਨੇ
ਆਖਿਆ, “ਪਰਮੇਸ਼ਵਰ ਨੇ ਜਗਤ ਨਾਲ ਇੰਨਾ ਪਿਆਰ ਕੀਤਾ ਕੀ ਉਸਨੇ ਆਪਣਾ ਇਕਲੋਤਾ ਪੁੱਤਰ ਬਖ਼ਸ਼ ਦਿੱਤਾ, ...


... ਜੋ ਕੋਈ ਉਸ
ਉੱਤੇ ਵਿਸ਼ਵਾਸ਼ ਲਿਆਵੇ
ਉਹ ਨਾਸ਼ ਨਾ ਹੋਵੇ
ਪਰ ਸਦੀਪਕ
ਜੀਵਣ ਪਾਵੇ।”


ਇਸਦਾ
ਅਰਥ ਹੈ ਕੀ ਜੋ ਕੋਈ ਯਿਸੂ
ਤੇ ਵਿਸ਼ਵਾਸ਼ ਕਰਦਾ ਹੈ
ਉਹ ਪਰਮੇਸ਼ਵਰ ਦੇ
ਪਰਿਵਾਰ ਵਿੱਚ
ਪੈਦਾ ਹੋਇਆ ਹੈ।

ਸ਼ਾਇਦ ਨਿਕੋਦੇਮਸ ਉਸ ਰਾਤ ਯਿਸੂ ਦਾ ਚੇਲਾ ਨਹੀ ਬਣਿਆ। ਪਰ ਸਾਲ ਬਾਅਦ, ਨਿਕੇਦੁਮਸ ਨੇ ਸਲੀਬ ਤੇ ਚੜਾਏ ਹੋਏ ਪਰਮੇਸ਼ਵਰ ਦੇ ਪੁੱਤਰ ਨੂੰ ਦਫ਼ਨਾਉਣ ...



... ਵਿੱਚ ਮਦਦ ਕਰਨ ਦੇ ਦੁਆਰਾ
ਵਿਖਾ ਦਿੱਤਾ ਕੇ ਉਹ ਯਿਸੂ ਨੂੰ
ਪਿਆਰ ਕਰਦਾ ਹੈ ਅਤੇ
ਉਸ ਵਿੱਚ ਵਿਸ਼ਵਾਸ਼
ਰੱਖਦਾ ਹੈ।



ਉਸਦੇ ਬਾਅਦ, ਯਿਸੂ ਅਤੇ ਉਸਦੇ ਚੇਲੇ ਨੇ ਉੱਤਰ ਵੱਲ ਨੂੰ ਸਫਰ ਕੀਤਾ।



ਭਾਂਵੇਂ ਲੋਕ ਪਰਮੇਸ਼ਵਰ ਦੇ ਰਾਜ ਬਾਰੇ ਸੁਨਣਾ ਚਾਹੁੰਦੇ ਸਨ, ਅਤੇ ਮੌਕਾ ਸੀ ਕੀ ਉਹ ਪਰਮੇਸ਼ਵਰ ਦੇ ਪੁੱਤਰ ਯਿਸੂ ਨਾਸਰੀ ਤੇ ਵਿਸ਼ਵਾਸ਼ ਕਰਨ।



# ਹੈਕਲ ਦੇ ਪ੍ਰਧਾਨਾਂ ਦੀ ਯਿਸੂ ਨਾਲ ਮੁਲਾਕਾਤ

ਇਹ ਕਹਾਣੀ ਪਰਮੇਸ਼ਵਰ ਦਾ ਵਚਨ, ਜੋ ਬਾਈਬਲ ਹੈ

ਇਹ ਪਾਈ ਜਾਂਦੀ ਹੈ

ਯਹੂਨਾ ਦੀ ਇੰਜੀਲ 2 – 3, ਗਿਣਤੀ ਦੀ ਕਿਤਾਬ 21

ਸ਼ਬਦਾ ਦੇ ਪਰਵੇਸ਼ ਦੁਆਰਾ ਰੋਸ਼ਨੀ ਮਿਲਦੀ ਹੈ।

ਜ਼ਬੂਰਾਂ ਦੀ ਪੋਥੀ 119:130

# ਸਮਾਪਤ

ਇਹ ਬਾਈਬਲ ਦੀ ਕਹਾਣੀ ਸਾਨੂੰ ਸਾਡੇ
ਅਨੋਖੇ ਪਰਮੇਸ਼ਵਰ ਦੇ ਬਾਰੇ ਦੱਸਦੀ ਹੈ, ਜਿਸ ਨੇ ਸਾਨੂੰ
ਬਣਾਇਆ ਅਤੇ ਉਹ ਚਾਹੁੰਦਾ ਹੈ ਕਿ ਅਸੀ ਉਸਨੂੰ ਜਾਣੀਏ।

ਪਰਮੇਸ਼ਵਰ ਜਾਣਦਾ ਹੈ ਕਿ ਅਸੀ ਬੁਰੇ ਕੰਮ ਕੀਤੇ ਹਨ। ਜਿਨ੍ਹਾਂ ਨੂੰ ਉਹ
ਪਾਪ ਕਹਿੰਦਾ ਹੈ।ਪਾਪ ਦੀ ਸਜ਼ਾ ਮੌਤ ਹੈ, ਪਰ ਪਰਮੇਸ਼ਵਰ ਤੁਹਾਨੂੰ
ਬਹੁਤ ਪਿਆਰ ਕਰਦਾ ਹੈ।ਇਸ ਲਈ ਉਸਨੇ ਆਪਣੇ ਇਕਲੌਤੇ ਪੁੱਤਰ
ਯਿਸੂ ਨੂੰ ਭੇਜਿਆਂ, ਕਿ ਸਲੀਬ ਤੇ ਆਪਣੀ ਜਾਨ ਕੁਰਬਾਨ ਕਰੇ ਅਤੇ
ਸਾਡੇ ਗੁਨਾਹਾਂ ਲਈ ਸਜ਼ਾ ਪਾਵੇ।ਤਦ ਯਿਸੂ ਮੁਰਦਿਆਂ ਵਿੱਚੋ ਜੀ ਉਠਿਆਂ
ਅਤੇ ਆਪਣੇ ਸਵਰਗੀ ਘਰ ਨੂੰ ਵਾਪਿਸ ਪਰਤ ਗਿਆ।ਜ਼ੇਕਰ ਤੁਸੀ ਯਿਸੂ
ਉਤੇ ਵਿਸ਼ਵਾਸ਼ ਕਰਕੇ ਆਪਣੇ ਪਾਪਾ ਲਈ ਮੁਆਫੀ ਮੰਗਦੇ ਹੋ ਤਾਂ ਉਹ
ਤੁਹਾਡੇ ਲਈ ਇਹ ਕਰੇਗਾ।ਉਹ ਆਵੇਗਾ ਅਤੇ ਹੁਣ ਤੁਹਾਡੇ ਵਿੱਚ
ਵੱਸੇਗਾ, ਅਤੇ ਤੁਸੀ ਉਸਦੇ ਨਾਲ ਹਮੇਸ਼ਾ ਤੱਕ ਵੱਸੋਗੇ।

ਜ਼ੇਕਰ ਤੁਸੀ ਵਿਸ਼ਵਾਸ਼ ਕਰਦੇ ਹੋ ਕਿ ਇਹ ਸੱਚਾਈ ਹੈ ਤਾਂ ਪਰਮੇਸ਼ਵਰ ਨੂੰ ਇਹ ਆਖੋ ਪਿਆਰੇ ਯਿਸੂ, ਮੈ ਵਿਸ਼ਵਾਸ਼ ਕਰਦਾ ਹਾਂ ਕਿ ਤੁਸੀ ਪਰਮੇਸ਼ਵਰ ਹੋ, ਅਤੇ ਤੁਸੀ ਇਨਸਾਨ ਬਣੇ ਕਿ ਮੇਰੇ ਪਾਪਾਂ ਲਈ ਮਰੋ ਅਤੇ ਹੁਣ ਤੁਸੀ ਜਿੰਦਾ ਹੋ। ਕਿਰਪਾ ਕਰਕੇ ਮੇਰੇ ਜੀਵਨ ਵਿੱਚ ਆਓ ਅਤੇ ਮੇਰੇ ਪਾਪਾਂ ਨੂੰ ਮੁਆਫ਼ ਕਰੋ, ਤਾਂ ਜੋ ਹੁਣ ਮੈ ਨਵਾਂ ਜੀਵਨ ਪਾਵਾਂ, ਅਤੇ ਇੱਕ ਦਿਨ ਤੁਹਾਡੇ ਨਾਲ ਹਮੇਸ਼ਾਂ ਦੇ ਲਈ ਜਾਵਾਂ। ਮੇਰੀ ਮਦਦ ਕਰੋ ਕਿ ਮੈ ਤੁਹਾਡੀ ਆਗਿਆ ਨੂੰ ਮੰਨਾ ਅਤੇ ਤੁਹਾਡੇ ਲਈ ਜੀਵਾਂ, ਤੁਹਾਡਾ ਬੱਚਾ ਬਣ ਕੇ ਆਮੀਨ।

ਪਰਮੇਸ਼ਵਰ ਦੇ ਵਚਨ ਨੂੰ ਪੜੋ ਅਤੇ ਰੋਜ਼ਾਨਾਂ ਉਸਦੇ ਨਾਲ ਗੱਲਬਾਤ ਕਰੋ। ਯਹੂੰਨਾ ਦੀ ਇੰਜ਼ੀਲ 3:16